# Thirteen years of seeking justice for the victims of 26/11 Mumbai terror attacks

November 26, 2021

---

## 26/11 ਦੇ ਮੁੰਬਈ ਅੱਤਵਾਦੀ ਹਮਲਿਆਂ ਦੇ ਪੀੜਤਾਂ ਲਈ ਨਿਆਂ ਦੀ ਮੰਗ ਦੇ 13 ਸਾਲ

## 26 ਨਵੰਬਰ, 2021

26/11 ਦੇ ਮੁੰਬਈ ਅੱਤਵਾਦੀ ਹਮਲਿਆਂ ਦੀ 13ਵੀਂ ਬਰਸੀ 'ਤੇ ਭਾਰਤੀ ਸਰਕਾਰ ਅਤੇ ਲੋਕ ਇਸ ਘਿਨਾਉਣੇ ਹਮਲੇ ਦੇ ਪੀੜਤਾਂ ਅਤੇ ਉਨ੍ਹਾਂ ਬਹਾਦਰ ਸੁਰੱਖਿਆ ਕਰਮਚਾਰੀਆਂ ਨੂੰ ਚੇਤੇ ਕਰਦੇ ਹਨ, ਜਿਨ੍ਹਾਂ ਨੇ ਸਾਡੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।

ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨੇ ਵੱਖ-ਵੱਖ ਸੁਨੇਹਿਆਂ ਵਿੱਚ ਪੀੜਤ ਪਰਿਵਾਰਾਂ ਨਾਲ ਆਪਣੀ ਮਜ਼ਬੂਤ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਹੈ।

ਮਹਾਰਾਸ਼ਟਰ ਰਾਜ ਸਰਕਾਰ ਵੱਲੋਂ ਅੱਜ ਮੁੰਬਈ ਦੇ ਪੁਲਿਸ ਮੈਮੋਰੀਅਲ ਵਿਖੇ ਇੱਕ ਯਾਦਗਾਰੀ ਸਮਾਗਮ ਕੀਤਾ ਗਿਆ।

ਭਾਰਤ ਵਿੱਚ ਪਾਕਿਸਤਾਨੀ ਹਾਈ ਕਮਿਸ਼ਨ ਦੇ ਇੱਕ ਸੀਨੀਅਰ ਡਿਪਲੋਮੈਟ ਨੂੰ ਅੱਜ ਵਿਦੇਸ਼ ਮੰਤਰਾਲੇ ਨੇ ਤਲਬ ਕੀਤਾ ਹੈ। ਉਨ੍ਹਾਂ ਨੂੰ ਮੁੰਬਈ ਅੱਤਵਾਦੀ ਹਮਲਿਆਂ ਦੇ ਮਾਮਲੇ 'ਚ ਤੇਜ਼ੀ ਨਾਲ ਮੁਕੱਦਮੇ ਦੀ ਸੁਣਵਾਈ ਕਰਨ ਅਤੇ ਪਾਕਿਸਤਾਨ ਸਰਕਾਰ ਨੂੰ ਭਾਰਤ ਦੇ ਵਿਰੁੱਧ ਅੱਤਵਾਦ ਲਈ ਆਪਣੇ ਅਧੀਨ ਖੇਤਰਾਂ ਨੂੰ ਵਰਤੇ ਜਾਣ ਦੀ ਇਜਾਜ਼ਤ ਨਾ ਦੇਣ ਸਬੰਧੀ ਆਪਣੀ ਵਚਨਬੱਧਤਾ ਦੀ ਪਾਲਣਾ ਕਰਨ ਸਬੰਧੀ ਇੱਕ ਲਿਖਤ ਨੋਟ ਸੌਂਪਿਆ ਗਿਆ।

ਇਨ੍ਹਾਂ ਹਮਲਿਆਂ ਵਿੱਚ 14 ਹੋਰ ਦੇਸ਼ਾਂ ਦੇ ਨਾਗਰਿਕ ਮਾਰੇ ਗਏ ਸੀ। ਇਹਨਾਂ ਦੇਸ਼ਾਂ ਵਿੱਚ ਭਾਰਤੀ ਮਿਸ਼ਨ ਰਾਸ਼ਟਰੀ ਅਤੇ ਵਿਦੇਸ਼ੀ, ਦੋਨੋਂ ਤਰ੍ਹਾਂ ਦੇ ਪੀੜਤਾਂ ਦੀ ਯਾਦ ਵਿੱਚ ਯਾਦਗਾਰੀ ਸਮਾਗਮ ਕਰ ਰਹੇ ਹਨ, ਜੋ ਦੁਨੀਆ ਨੂੰ ਅੱਤਵਾਦ ਦੇ ਲਗਾਤਾਰ ਮੌਜੂਦ ਆਲਮੀ ਖਤਰੇ ਦੀ ਯਾਦ ਦਿਵਾਉਂਦੇ ਹਨ। ਮੇਜ਼ਬਾਨ ਸਰਕਾਰਾਂ ਦੇ ਸੀਨੀਅਰ ਸਰਕਾਰੀ ਨੁਮਾਇੰਦੇ, ਪੀੜਤਾਂ ਦੇ ਪਰਿਵਾਰਕ ਮੈਂਬਰ ਅਤੇ ਬਚੇ ਹੋਏ ਲੋਕ ਇਨ੍ਹਾਂ ਸਮਾਗਮਾਂ ਵਿੱਚ ਹਿੱਸਾ ਲੈਣਗੇ।

ਇਹ ਡੂੰਘੇ ਦੁੱਖ ਦੀ ਗੱਲ ਹੈ ਕਿ ਇਸ ਘਿਨਾਉਣੇ ਅੱਤਵਾਦੀ ਹਮਲੇ ਦੇ 13 ਸਾਲਾਂ ਬਾਅਦ ਵੀ ਦੁਨੀਆ ਭਰ ਦੇ 15 ਦੇਸ਼ਾਂ ਦੇ 166 ਪੀੜਤਾਂ ਦੇ ਪਰਿਵਾਰ ਅਜੇ ਵੀ ਇਸ ਮਾਮਲੇ ਦੇ ਬੰਦ ਹੋਣ ਦੀ ਉਡੀਕ ਕਰ ਰਹੇ ਹਨ, ਪਾਕਿਸਤਾਨ ਨੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਵਿੱਚ ਨਾਂ ਦੇ ਬਰਾਬਰ ਸੰਜੀਦਗੀ ਵਿਖਾਈ ਹੈ।

26/11 ਦੇ ਅੱਤਵਾਦੀ ਹਮਲੇ ਦੀ ਵਿਉਂਤਬੰਦੀ ਅਤੇ ਇਸਨੂੰ ਅੰਜਾਮ ਦੇਣ ਦਾ ਕੰਮ ਪਾਕਿਸਤਾਨੀ ਖੇਤਰ ਤੋਂ ਸ਼ੁਰੂ ਕੀਤਾ ਗਿਆ ਸੀ। ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨੇ ਆਪਣਾ ਬਿਆਨ ਦਰਜ ਕਰਾਕੇ ਮੰਨਿਆ ਸੀ ਕਿ ਅੱਤਵਾਦੀ ਪਾਕਿਸਤਾਨ ਦੀ ਸਰਜ਼ਮੀਨ ਤੋਂ ਭੇਜੇ ਗਏ ਸਨ। ਅਸੀਂ ਇੱਕ ਵਾਰ ਫਿਰ ਪਾਕਿਸਤਾਨ ਸਰਕਾਰ ਨੂੰ ਦੋਹਰੇ ਮਾਪਦੰਡ ਛੱਡਣ ਅਤੇ ਇਸ ਭਿਆਨਕ ਹਮਲੇ ਦੇ ਦੋਸ਼ੀਆਂ ਨੂੰ ਜਲਦੀ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਦੀ ਮੰਗ ਕਰਦੇ ਹਾਂ। ਇਹ ਸਿਰਫ਼ ਅੱਤਵਾਦੀਆਂ ਵੱਲੋਂ ਮਾਰੇ ਗਏ ਨਿਰਦੋਸ਼ ਪੀੜਤਾਂ ਦੇ ਪਰਿਵਾਰਾਂ ਪ੍ਰਤੀ ਪਾਕਿਸਤਾਨ ਦੀ ਜਵਾਬਦੇਹੀ ਦਾ ਮਾਮਲਾ ਹੀ ਨਹੀਂ ਹੈ, ਸਗੋਂ ਅੰਤਰਰਾਸ਼ਟਰੀ ਜ਼ਿੰਮੇਵਾਰੀ ਵੀ ਬਣਦੀ ਹੈ।

ਭਾਰਤ ਸਰਕਾਰ ਪੀੜਤਾਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਹਰ ਮੁਮਕਿਨ ਕੋਸ਼ਿਸ਼ ਕਰਦੀ ਰਹੇਗੀ।

ਨਵੀਂ ਦਿੱਲੀ
26 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.